National Research Journal of Social Sciences
Volume-11, Issue-1, January-June 2026
PP: 40-43

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਲਾਧੋ ਰੇ

**ਸੁਖਜੀਤ ਕੌਰ**

ਹਿਸਟਰੀ ਵਿਭਾਗ, ਖ਼ਾਲਸਾ ਕਾਲਜ ਫ਼ਾਰ ਵੂਮੈਨ, ਸਿਵਲ ਲਾਈਨਜ਼, ਲੁਧਿਆਣਾ

**ਸਾਰੰਸ਼:**

ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ (1621-1675) ਬਹੁਤ ਹੀ ਦੂਰ-ਅੰਦੇਸ਼ ਅਤੇ ਧਾਰਮਿਕ ਰਹਿਬਰ ਜਿਨ੍ਹਾਂ ਦੀ ਸ਼ਹੀਦੀ ਦੇ 350ਵੇਂ ਸਾਲ ਨੂੰ ਅਸੀਂ ਮਨਾਉਣ ਜਾ ਰਹੇ ਹਾਂ। ਉਨ੍ਹਾਂ ਨਾਲ ਜੁੜੇ ਕੁਝ ਵਿਅਕਤੀਆਂ ਵਿੱਚੋਂ ਮੱਖਣ ਸ਼ਾਹ ਲੁਬਾਣਾ ਜਿਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਰੂਪ ਵਿੱਚ ਸਾਡੇ ਸਾਹਮਣੇ ਪ੍ਰਗਟ ਕੀਤਾ, ਉੱਤੇ ਅਧਾਰਿਤ ਮੇਰਾ ਖੋਜ ਪੱਤਰ ਹੈ। ਇੱਕ ਸੱਚੇ ਸ਼ਰਧਾਲੂ ਦੇ ਰੂਪ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਿੱਤੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਬਕਾਲਾ ਆ ਵਸੇ ਸਨ ਤੇ ਨਾਮ ਸਿਮਰਨ ਤੇ ਜਪ-ਤਪ ਵਿੱਚ ਆਪਣਾ ਸਮਾਂ ਬਿਤਾਉਂਦੇ। ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਹਰਿਰਾਇ ਅਤੇ ਹਰਿਕ੍ਰਿਸ਼ਨ ਜੀ ਨੇ ਸਿੱਖ ਧਰਮ ਦੀ ਅਗਵਾਈ ਕੀਤੀ। ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਨੌਵੇਂ ਗੁਰੂ ਲਈ 'ਬਾਬਾ ਬਕਾਲੇ' ਦਾ ਇਸ਼ਾਰਾ ਕੀਤਾ। ਇਸ 'ਬਾਬੇ' ਗੁਰੂ ਦੀ ਖੋਜ ਉਸ ਸਮੇਂ ਦੇ ਪ੍ਰਸਿੱਧ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਪੂਰੀ ਕੀਤੀ।

**ਮੁੱਖ ਸ਼ਬਦ :** ਬਕਾਲਾ, ਕੀਰਤਪੁਰ ਸਾਹਿਬ, ਧੀਰਮੱਲ, ਬੇੜਾ।

ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਬਹੁਤ ਹੀ ਦੂਰ-ਅੰਦੇਸ਼ ਧਾਰਮਿਕ ਰਹਿਬਰ ਸਨ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਗੱਦੀ ਦੇ ਸੁਯੋਗ ਵਾਰਸ ਵਜੋਂ ਬਖਸ਼ਿਸ਼ਾਂ ਵੰਡੀਆਂ, ਮਾਖੋਵਾਲ ਵਿਖੇ ਨਵੇਂ ਖ਼ੁਦਮੁਖ਼ਤਾਰ ਨਗਰ ਚੱਕ ਨਾਨਕੀ ਦੀ ਸਥਾਪਨਾ ਕੀਤੀ ਤੇ ਭਾਰਤ ਵਿੱਚ ਸਿੱਖ ਧਰਮ ਦੇ ਪ੍ਰਚਾਰ ਲਈ ਸੰਗਠਨਾਤਮਿਕ ਢਾਂਚੇ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਨੇ ਆਪਣੀ ਸ਼ਹਾਦਤ ਨਾਲ ਨਾ ਸਿਰਫ਼ ਹਿੰਦੂ ਧਰਮ 'ਤੇ ਹੋ ਰਹੇ ਜ਼ੁਲਮਾਂ ਨੂੰ ਰੋਕਿਆ ਬਲਕਿ ਸਮੁੱਚੇ ਵਿਸ਼ਵ ਲਈ ਉੱਚ ਧਾਰਮਿਕ-ਇਖਲਾਕੀ ਕਦਰਾਂ-ਕੀਮਤਾਂ ਸਥਾਪਤ ਕੀਤੀਆਂ। ਉਨ੍ਹਾਂ ਦਾ ਜੀਵਨ ਤਪ, ਤਿਆਗ ਤੇ ਨਿਰਭੈਤਾ ਦਾ ਜੀਵਨ ਸੀ। ਗੁਰੂ ਜੀ ਦਾ ਜੀਵਨ ਸੱਚਮੁੱਚ ਹੀ ਭਾਰਤੀ ਸੰਸਕ੍ਰਿਤੀ ਦਾ ਮੂੰਹ-ਮੱਥਾ ਬਦਲਣ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦਾ ਹੈ।

ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਤੱਕ ਪ੍ਰਮਾਤਮਾ ਦਾ ਸੰਦੇਸ਼ ਪਹੁੰਚਾਉਣ ਲਈ ਦੂਰ-ਦੁਰਾਡੇ ਇਲਾਕਿਆਂ ਵਿਖੇ ਪ੍ਰਚਾਰ-ਯਾਤਰਾਵਾਂ ਕੀਤੀਆਂ ਸਨ ਅਤੇ ਉਨ੍ਹਾਂ ਦੀ ਦੈਵੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਸਿੱਖ ਬਣ ਗਏ ਸਨ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਵੀ ਸਿੱਖੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਲੰਮੀਆਂ ਯਾਤਰਾਵਾਂ 'ਤੇ ਗਏ ਸਨ। ਆਪਣੀਆਂ ਯਾਤਰਾਵਾਂ ਦੌਰਾਨ ਉਨ੍ਹਾਂ ਨੇ ਦੋ ਪੱਖਾਂ ਤੋਂ ਬਹੁਤ ਮਹੱਤਵਪੂਰਨ ਕਾਰਜ ਕੀਤਾ- ਇੱਕ ਤਾਂ ਦੂਰ-ਦੁਰਾਡੇ ਇਲਾਕਿਆਂ ਵਿੱਚ ਵਸਦੀ ਸਿੱਖ ਸੰਗਤ ਨੂੰ ਰੱਬ ਨਾਲ ਜੋੜਿਆ ਤੇ ਦੂਸਰਾ ਉਨ੍ਹਾਂ ਵਿੱਚ ਸਵੈਮਾਨ ਭਰਪੂਰ ਜੀਵਨ ਬਸਰ ਕਰਨ ਲਈ ਪ੍ਰੇਰਿਤ ਕੀਤਾ।[1] ਗੁਰੂ ਜੀ ਦੁਆਰਾ ਸਥਾਪਿਤ ਕੀਤੇ ਜਾ ਰਹੇ ਆਦਰਸ਼ਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਨ੍ਹਾਂ ਦੇ ਸ਼ਰਧਾਲੂ ਬਣ ਗਏ ਇਨ੍ਹਾਂ ਵਿੱਚੋਂ ਇੱਕ ਸ਼ਖ਼ਸੀਅਤ ਮੱਖਣ ਸ਼ਾਹ ਲੁਬਾਣਾ ਦੀ ਹੈ ਜਿਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਰੂਪ ਵਿੱਚ ਪ੍ਰਗਟ ਕੀਤਾ ਸੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਕਾਲੇ ਨਾਲ ਬਹੁਤ ਨੇੜੇ ਦੇ ਸੰਬੰਧ ਸਨ। ਮਾਤਾ ਨਾਨਕੀ ਦਾ ਪੇਕਾ ਘਰ ਬਕਾਲੇ ਹੀ ਸੀ ਤੇ ਉਨ੍ਹਾਂ ਦੇ ਪਿਤਾ ਜੀ ਭਾਈ ਹਰੀ ਚੰਦ ਅਤੇ ਮਾਤਾ ਹਰਦੇਵੀ ਜੀ ਦਾ ਪੁਸ਼ਤੀ-ਘਰ ਬਾਬੇ ਬਕਾਲੇ ਹੀ ਸੀ। ਇਸ ਤੋਂ ਇਲਾਵਾ ਛੇਵੇਂ ਗੁਰੂ ਸਾਹਿਬ ਦਾ ਪਰਮ ਸੇਵਕ ਬਾਬਾ ਮਿਹਰਾ ਜੀ ਦਾ ਘਰ ਵੀ ਇਸੇ ਨਗਰ ਵਿੱਚ ਹੀ ਸੀ। ਛੇਵੇਂ ਪਾਤਸ਼ਾਹ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਜਦ ਆਪ ਆਪਣੀ ਮਾਤਾ ਅਤੇ ਪਤਨੀ ਨਾਲ ਬਕਾਲੇ ਆ ਗਏ ਤਾਂ ਇਨ੍ਹਾਂ ਨੇ ਨਿਵਾਸ ਆਪਣੇ ਨਾਨਕੇ ਘਰ ਦੀ ਥਾਂ 'ਬਾਬਾ ਮਿਹਰਾ' ਜੀ ਦੇ ਗ੍ਰਹਿ ਵਿਖੇ ਹੀ ਕੀਤਾ ਸੀ।[2] ਭਾਈ ਮਿਹਰਾ ਨੇ ਗੁਰੂ ਜੀ ਲਈ ਇੱਕ ਸੁੰਦਰ ਇਮਾਰਤ ਤਿਆਰ ਕਰਵਾਈ ਸੀ ਜੋ ਉਸ ਨੇ ਮਾਤਾ ਨਾਨਕੀ ਜੀ ਨੂੰ ਸੌਂਪ ਦਿੱਤੀ ਸੀ।[3] ਕੀਰਤਪੁਰ ਨਾਲ ਸੰਬੰਧ ਆਪਣੇ ਸਾਲੇ ਕਿਰਪਾਲ ਚੰਦ ਰਾਹੀਂ ਬਣਿਆ ਰਿਹਾ। ਉਹ ਗੁਰੂ ਹਰਿ ਰਾਇ ਜੀ ਦੀ ਫੌਜ ਵਿੱਚ ਸ਼ਾਮਿਲ ਹੋ ਗਿਆ ਸੀ। ਬਕਾਲੇ ਵਿੱਚ ਰਹਿੰਦੇ ਹੋਏ ਗੁਰੂ ਜੀ ਆਪਣਾ ਸਮਾਂ ਭੋਰੇ ਵਿੱਚ ਈਸ਼ਵਰ ਭਗਤੀ ਵਿੱਚ ਮਗਨ ਹੋ ਕੇ ਗੁਜ਼ਾਰਦੇ। ਆਪਣੇ ਪਰਿਵਾਰ ਦੀ ਦੇਖ-ਭਾਲ ਕਰਦੇ ਅਤੇ ਕਦੇ-ਕਦੇ ਸ਼ਿਕਾਰ ਲਈ ਜੰਗਲਾਂ ਵਿੱਚ ਵੀ ਜਾਂਦੇ।[4] ਗੁਰੂ ਜੀ ਨੇ ਕਈ ਯਾਤਰਾਵਾਂ ਵੀ ਕੀਤੀਆਂ ਤਾਂ ਜੋ ਧਰਮ ਦਾ ਪ੍ਰਚਾਰ ਹੋ ਸਕੇ। ਜਦੋਂ ਉਨ੍ਹਾਂ ਨੂੰ ਗੁਰੂ ਹਰਿ ਰਾਇ ਜੀ ਦੇ ਜੋਤੀ-ਜੋਤਿ ਸਮਾਉਣ ਦੀ ਖ਼ਬਰ ਮਿਲੀ ਤਾਂ ਗੁਰੂ ਜੀ ਪਟਨਾ ਤੋਂ ਹੁੰਦੇ ਹੋਏ ਦਿੱਲੀ ਪਹੁੰਚੇ ਸਨ, ਜਿੱਥੇ ਉਹ ਗੁਰੂ ਹਰਿਕ੍ਰਿਸ਼ਨ ਜੀ ਅਤੇ ਮਾਤਾ ਸੁਲੱਖਣੀ ਜੀ ਨੂੰ ਮਿਲੇ ਅਤੇ ਫਿਰ ਬਕਾਲੇ ਆ ਗਏ।[5]

ਦਿੱਲੀ ਵਿੱਚ ਉਸ ਸਮੇਂ ਚੇਚਕ ਫੈਲੀ ਹੋਈ ਸੀ। ਗੁਰੂ ਹਰਿਕ੍ਰਿਸ਼ਨ ਜੀ ਉਸ ਦੀ ਲਪੇਟ ਵਿੱਚ ਆ ਗਏ ਅਤੇ 30 ਮਾਰਚ 1664 ਨੂੰ ਜੋਤੀ-ਜੋਤਿ ਸਮਾ ਗਏ। ਪਰ ਉਸ ਤੋਂ ਪਹਿਲਾਂ ਆਪਣੇ ਪ੍ਰੇਮੀ ਸਿੱਖ ਦੀਵਾਨ ਦਰਘਾ ਮੱਲ ਨੂੰ ਇਸ਼ਾਰਾ ਕੀਤਾ ਕਿ ਪੰਜ ਪੈਸੇ ਅਤੇ ਇੱਕ ਨਾਰੀਅਲ ਲੈ ਕੇ ਆਓ ਅਤੇ ਜਦੋਂ ਇਹ ਸਮੱਗਰੀ ਆ ਗਈ ਉਨ੍ਹਾਂ ਤਿੰਨ ਵਾਰ ਸੱਜੀ ਬਾਂਹ ਹਿਲਾ ਕੇ ਆਖਿਆ, 'ਬਾਬਾ ਬਕਾਲਾ' ਜਿਸ ਦਾ ਭਾਵ ਸੀ ਅਗਲੇ ਗੁਰੂ ਬਕਾਲੇ ਵਿਖੇ ਹਨ। ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਬਾਬਾ ਦੀ ਥਾਂ ਤੇ ਵੀ ਲੱਗਦੇ ਸਨ। ਡਾ. ਫੌਜਾ ਸਿੰਘ ਸਰੋਤਾਂ[6] ਦੇ ਅਧਾਰ 'ਤੇ ਦੱਸਦੇ ਹਨ ਕਿ ਗੁਰੂ ਹਰਿਕ੍ਰਿਸ਼ਨ ਜੀ ਨੇ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿਣ ਦਿੱਤੀ ਸੀ ਕਿ ਨੌਵੇਂ ਗੁਰੂ ਬਕਾਲੇ ਵਿਖੇ ਹਨ। ਪਰ ਦੀਵਾਨ ਦਰਘਾ ਮੱਲ ਦੇ ਬਕਾਲੇ ਪਹੁੰਚਣ ਤੋਂ ਪਹਿਲਾਂ ਹੀ ਮਸੰਦ ਬਕਾਲੇ ਆ ਕੇ ਗੱਦੀਆਂ ਲਗਾ ਕੇ ਬੈਠ ਗਏ ਸਨ। ਸਭ ਤੋਂ ਵੱਧ ਦਾਵੇਦਾਰ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਧੀਰਮੱਲ ਹੀ ਸੀ। ਜਦ ਦੀਵਾਨ ਦਰਘਾ ਮੱਲ ਬਕਾਲੇ ਪੁੱਜੇ ਉਨ੍ਹਾਂ ਨੇ ਲਿਆਂਦੀ ਸਮੱਗਰੀ ਗੁਰੂ ਤੇਗ ਬਹਾਦਰ ਜੀ ਦੇ ਅੱਗੇ ਰੱਖ ਦਿੱਤੀ। ਕੁਝ ਮੰਜੀਆਂ ਵਾਲੇ ਤਾਂ ਚਲੇ ਗਏ ਪਰ ਧੀਰਮੱਲ ਇਨ੍ਹਾਂ ਸਭਨਾਂ ਵਿੱਚੋਂ ਉੱਪਰ ਸੀ ਕਿਉਂਕਿ ਉਸ ਕੋਲ ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਹੋਈ 'ਆਦਿ ਬੀੜ' ਵੀ ਸੀ। ਸਿੱਖਾਂ ਲਈ ਇਹ ਬੜਾ ਔਖਾ ਸਮਾਂ ਸੀ। ਇਸ ਸਮੇਂ ਦੌਰਾਨ ਚਾਰ ਸਿੱਖ ਬਕਾਲੇ ਆਏ। ਇੱਕ ਸੀ ਦੀਵਾਨ ਦਰਘਾ ਮੱਲ ਜੋ ਦਿੱਲੀ ਤੋਂ ਬਕਾਲੇ ਪਹੁੰਚਿਆ ਸੀ। ਦੂਸਰੇ ਸ੍ਰੀ ਗੁਰੂ ਅਮਰਦਾਸ ਜੀ ਦੀ ਕੁੱਲ ਵਿੱਚੋਂ ਭਾਈ ਗੜੀਆ ਸੀ ਜੋ ਅੰਮ੍ਰਿਤਸਰ ਤੋਂ ਆਏ ਸਨ ਅਤੇ ਤੀਸਰੇ ਸਨ ਬਾਬਾ ਬੁੱਢਾ ਸਾਹਿਬ ਜੀ ਦੇ ਪੜਪੋਤੇ ਭਾਈ ਗੁਰਦਿੱਤਾ ਜੀ ਜੋ ਰਾਮਦਾਸ ਨਗਰ ਤੋਂ ਆਏ ਸਨ। ਚੌਥੇ ਬਾਬਾ ਦਵਾਰਕਾ ਦਾਸ ਜੋ ਗੋਇੰਦਵਾਲ ਤੋਂ ਆਏ ਸਨ। ਗੁਰੂ ਤੇਗ ਬਹਾਦਰ ਜੀ ਦੀ ਮਾਤਾ ਨਾਨਕੀ ਨੂੰ ਪਤਾ ਸੀ ਕਿ ਹਰਿਕ੍ਰਿਸ਼ਨ ਜੀ ਦੇ ਸੰਕੇਤ ਉਨ੍ਹਾਂ ਦੇ ਸਪੁੱਤਰ ਵੱਲ ਹੀ ਸਨ। ਇਨ੍ਹਾਂ ਸਿੱਖਾਂ ਨੇ ਗੁਰੂ ਜੀ ਨੂੰ ਭੋਰੇ ਤੋਂ ਬਾਹਰ ਆਉਣ ਲਈ ਪ੍ਰੇਰਿਤ ਕੀਤਾ ਪਰ ਗੁਰੂ ਜੀ ਨੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ।[7] ਇਸੇ ਸਮੇਂ ਮੱਖਣ ਸ਼ਾਹ ਲੁਬਾਣਾ ਦੀ ਘਟਨਾ ਨੇ ਗੁਰੂ ਜੀ ਨੂੰ ਗੁਰੂ ਰੂਪ ਵਿੱਚ ਪ੍ਰਗਟ ਕੀਤਾ।

ਮੱਖਣ ਸ਼ਾਹ ਦੇ ਪਿਤਾ ਨਾਇਕ ਦਾਸ[8] ਜੋ ਪਿੰਡ ਟਾਂਡਾ ਜ਼ਿਲ੍ਹਾ ਜਿਹਲਮ ਦਾ ਰਹਿਣ ਵਾਲਾ ਸੀ ਤੇ ਵਿਦੇਸ਼ਾਂ ਵਿੱਚ ਵਪਾਰ ਕਰਦਾ ਸੀ। ਮੱਖਣ ਸ਼ਾਹ ਨੇ ਪਹਿਲੀ ਵਾਰ ਪੰਦਰਾਂ ਸਾਲ ਦੀ ਉਮਰ ਵਿਖੇ ਆਪਣੇ ਪਿਤਾ ਨਾਇਕ ਦਾਸ ਸ਼ਾਹ ਨਾਲ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ ਸਨ। 1604 ਵਿੱਚ ਅੰਮ੍ਰਿਤਸਰ ਵਿਖੇ ਵੀ ਆਏ ਸਨ। 1619 ਵਿੱਚ ਜਦੋਂ ਛੇਵੇਂ ਗੁਰੂ ਗਵਾਲੀਅਰ ਤੋਂ ਰਿਹਾ ਹੋ ਕੇ ਕਸ਼ਮੀਰ ਬਾਦਸ਼ਾਹ ਜਹਾਂਗੀਰ ਨਾਲ ਜਾ ਰਹੇ ਸਨ ਤਾਂ ਮੱਖਣ ਸ਼ਾਹ ਉਨ੍ਹਾਂ ਨੂੰ ਮੁਜੱਫਰਗੜ੍ਹ ਵਿਖੇ ਮਿਲਿਆ ਸੀ।[9]

ਕਸ਼ਮੀਰ ਨਿਕਟ ਸਤਿਗੁਰ ਜਬ ਗਏ।
ਸਿਖ ਦੇਸ ਕੇ ਆਵਤ ਪਏ।
ਗੁਰ ਕਾ ਸਿਖ ਮਖਣ ਲੁਬਾਣਾ।
ਅਤੇ ਪ੍ਰੇਮੀ ਸਤਿਗੁਰ ਮਨ ਭਾਣਾ।
ਗੁਰ ਮੂਰਤ ਹਿਰਦੇ ਸਦ ਰਾਖੈ।
ਗੁਰਬਾਣੀ ਨਿਸ ਦਿਨ ਮੁਖ ਭਾਖੈ।

ਮੱਖਣ ਸ਼ਾਹ ਬਾਅਦ ਵਿੱਚ ਕੀਰਤਪੁਰ ਗੁਰੂ ਹਰਿਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਆਉਂਦਾ ਜਾਂਦਾ ਰਿਹਾ। ਇੱਕ ਵਾਰ ਉਹ ਕਿਸੇ ਬਾਹਰਲੇ ਦੇਸ਼ ਤੋਂ ਜਹਾਜ਼ ਦਾ ਮਾਲ ਲੱਦ ਕੇ ਸਮੁੰਦਰ ਰਸਤੇ ਦੇਸ਼ ਨੂੰ ਆ ਰਿਹਾ ਸੀ ਤਾਂ ਸਮੁੰਦਰ ਵਿੱਚ ਤੂਫਾਨ ਆਉਣ ਦੇ ਕਾਰਨ ਉਸ ਦਾ ਜਹਾਜ਼ ਇੱਕ ਰੇਤਲੀ ਜਗ੍ਹਾ ਵਿੱਚ ਫਸ ਗਿਆ।[10] ਉਸ ਨੇ ਹੱਥ ਜੋੜ ਕੇ ਗੁਰੂ ਨਾਨਕ ਦੇ ਘਰ ਅਰਦਾਸ ਕੀਤੀ ਕਿ ਪਾਤਸ਼ਾਹ ਜੇ ਮੇਰਾ ਜਹਾਜ਼ ਸਹੀ ਸਲਾਮਤ ਕੰਢੇ ਪਹੁੰਚ ਜਾਵੇ ਤਾਂ ਮੈਂ ਪੰਜ ਸੌ ਮੋਹਰਾਂ ਆਪ ਜੀ ਦੀ ਗੁਰਗੱਦੀ 'ਤੇ ਬੈਠੇ ਗੁਰੂ ਮਹਾਰਾਜ ਦੇ ਅੱਗੇ ਭੇਂਟ ਕਰਾਂਗਾ।

ਮੱਖਣ ਸ਼ਾਹ ਏਕ ਸਿਖ ਭਾਰਾ।
ਗੁਰੂਸਿੱਖੀ ਜੋ ਮਹਦ ਅਧਾਰਾ।
ਕਰਿ ਸੌਦਾ ਬਹੁ ਚਢਯੋ ਜਹਾਜ਼।
ਅਨਿਕ ਵਸਤੂ ਏ ਬਣਜਨਿ ਕਾਜ।[11]

ਮੱਖਣ ਸ਼ਾਹ ਇੱਕ ਵੱਡਾ ਸਿੱਖ ਸ਼ਰਧਾਲੂ ਸੀ। ਗੁਰਸਿੱਖੀ ਉਸ ਦਾ ਵੱਡਾ ਅਧਾਰ ਸੀ। ਉਸ ਨੇ ਵਪਾਰ ਵਾਸਤੇ ਬਹੁਤ ਚੀਜ਼ਾਂ ਲੈ ਲਈਆਂ। ਵਸਤਾਂ ਨੂੰ ਜਹਾਜ਼ ਵਿੱਚ ਲੱਦ ਕੇ ਵਾਪਸ ਮੁੜ ਪਿਆ ਤੇ ਜਹਾਜ਼ ਸਮੁੰਦਰ ਵਿੱਚ ਚੱਲ ਪਿਆ। ਜਿੱਥੇ ਜਲ ਬਹੁਤ ਗਹਿਰਾ ਸੀ। ਜਹਾਜ਼ ਭੰਵਰ ਵਿੱਚ ਫਸ ਗਿਆ ਪਰ ਗਿਰਜਾ ਸਿੰਘ ਆਪਣੀ ਖੋਜ ਨਾਲ ਦੱਸਦੇ ਹਨ ਕਿ ਮੱਖਣ ਸ਼ਾਹ ਦਾ ਜਹਾਜ਼ ਤ੍ਰੇਮੂੰ ਨਦੀ[12] ਜੋ ਜ਼ਿਲ੍ਹਾ ਡੰਗ ਵਿੱਚ ਹੈ ਉੱਥੇ ਫਸ ਗਿਆ ਸੀ। ਉਸ ਸਮੇਂ ਜਹਾਜ਼ ਨੂੰ ਬੇੜਾ ਕਿਹਾ ਜਾਂਦਾ ਸੀ।[13] ਉਸ ਨੇ ਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਮੇਰਾ ਜਹਾਜ਼ ਬਚ ਜਾਵੇ ਤਾਂ ਮੈਂ 101 ਮੋਹਰਾਂ ਭੇਟਾ ਕਰਾਂਗਾ। ਮੈਕਾਲਿਫ ਇਹ ਭੇਟਾ 500 ਮੁਹਰਾਂ ਲਿਖਦਾ ਹੈ। ਬਖਸ਼ਿਸ਼ ਹੋਈ ਤੇ ਜਹਾਜ਼ ਸਹੀ ਸਲਾਮਤ ਸੂਰਤ ਦੀ ਬੰਦਰਗਾਹ 'ਤੇ ਪਹੁੰਚ ਗਿਆ। ਮੱਖਣ ਸ਼ਾਹ ਮਾਲ ਵੇਚ ਕੇ ਦਿੱਲੀ ਪਹੁੰਚਿਆ। ਉੱਥੇ ਪਹੁੰਚਣ 'ਤੇ ਪਤਾ ਲੱਗਾ ਕਿ ਗੁਰੂ ਜੀ ਜੋਤੀ-ਜੋਤਿ ਸਮਾ ਚੁੱਕੇ ਹਨ ਅਤੇ ਉਹ ਬਕਾਲੇ ਵਿੱਚ ਕਿਸੇ ਸੋਢੀ ਨੂੰ ਆਪਣਾ ਜਾਨਸ਼ੀਨ ਥਾਪ ਗਏ ਹਨ।

ਮੱਖਣ ਸ਼ਾਹ 8 ਅਕਤੂਬਰ 1664 ਨੂੰ ਬਾਬਾ ਬਕਾਲਾ ਪਹੁੰਚਿਆ। ਉਸ ਨਾਲ ਉਸ ਦੇ ਬੇਟੇ ਲਾਲ ਚੰਦ, ਚੰਦੂ ਲਾਲ ਅਤੇ ਧਰਮ ਪਤਨੀ ਸਲੋਜਨੀ ਸੀ।[14] ਮੱਖਣ ਸ਼ਾਹ ਇੱਕ ਬਹੁਤ ਵੱਡਾ ਵਪਾਰੀ ਸੀ ਪਰ ਉਹ ਗੁਰੂਘਰ ਦਾ ਵੀ ਬਹੁਤ ਵੱਡਾ ਸ਼ਰਧਾਲੂ ਸੀ। ਉਹ ਮੁਗਲ ਫੌਜਾਂ ਨੂੰ ਰਸਦ ਪਹੁੰਚਾਉਣ ਦਾ ਕੰਮ ਕਰਦਾ ਸੀ। ਜਦੋਂ ਉਸ ਦਾ ਜਹਾਜ਼ ਟਿਕਾਣੇ ਨਾ ਲੱਗਾ ਤਾਂ ਉਸ ਨੇ ਇਕਾਗਰ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਪਾਠ ਕਰਕੇ ਗੁਰੂ ਨਾਨਕ ਦੀ ਗੱਦੀ ਦਾ ਧਿਆਨ ਧਰ ਕੇ ਅਰਦਾਸ ਕੀਤੀ:

ਕਰ ਚਿਤ ਇਕਾਗਰ ਜਪ ਕੋ ਪੜਾ।
ਪੁਨਿ ਸਤਿਗੁਰ ਜੀ ਕਾ ਕੀਆ ਧੀਆਨ।


© Copyright @ Authors

ਮਨ ਮਿਟੋ ਭਰਮ ਗੁਰਿ ਲੇਹਿ ਪਠਾਨ।[15]

ਪ੍ਰਮਾਤਮਾ ਨੇ ਮਿਹਰ ਕੀਤੀ। ਬੇੜਾ ਬੰਨੇ ਲੱਗਾ ਤੇ ਮਾਲ ਵੇਚ ਕੇ ਉਸ ਨੇ ਬਹੁਤ ਧੰਨ ਕਮਾਇਆ ਅਤੇ ਦਸਵੰਧ ਗੁਰੂ ਦੇ ਵਾਸਤੇ ਕੱਢਿਆ।

ਬਹ ਧਨ ਲਾਭ ਬਨਜ ਤੇ ਆਵਾ।

ਤਿਹ ਦਸਵੰਧ ਕੋ ਮੈਂ ਨਿਕਾਸਾਵਾ।[16]

ਦਸਵੰਧ ਦੀ ਰਕਮ ਲੈ ਕੇ ਉਹ ਦਿੱਲੀ ਪੁੱਜਾ ਕਿਉਂਕਿ ਉਹ ਇਹ ਹੀ ਜਾਣਦਾ ਸੀ ਕਿ ਅੱਠਵੇਂ ਪਾਤਸ਼ਾਹ ਦਿੱਲੀ ਹਨ। ਉੱਥੇ ਦਿੱਲੀ ਜਾ ਕੇ ਜਦੋਂ ਪਤਾ ਲੱਗਿਆ ਕਿ ਗੁਰੂ ਹਰਿਕ੍ਰਿਸ਼ਨ ਜੀ 'ਬਾਬਾ ਬਕਾਲਾ' ਆਖ ਕੇ ਜੋਤੀ-ਜੋਤਿ ਸਮਾ ਚੁੱਕੇ ਹਨ ਤਾਂ ਉਹ ਆਪਣੇ ਬੇਟੇ, ਘਰਵਾਲੀ ਅਤੇ ਪੰਜ ਸੌ ਕਰਮਚਾਰੀ ਕੁਝ ਹਥਿਆਰਬੰਦ ਸਿਪਾਹੀ ਵੀ ਸਨ ਨਾਲ ਲੈ ਕੇ ਬਾਬਾ ਬਕਾਲਾ ਪਹੁੰਚ ਗਿਆ। ਉਸ ਨੇ ਬਾਹਰ ਹੀ ਟਿਕਾਣਾ ਕੀਤਾ। ਸੋਢੀਆਂ ਅਤੇ ਧੀਰਮੱਲ ਦੇ ਹਮਾਇਤੀਆਂ ਨੇ ਆ ਕੇ ਦਲੀਲ ਦਿੱਤੀ ਕਿ ਗੱਦੀ ਦਾ ਅਸਲੀ ਵਾਰਿਸ ਗੁਰੂ ਧੀਰਮੱਲ ਹੈ ਕਿਉਂਕਿ ਗੱਦੀ ਉਸ ਪਾਸ ਹੈ। ਮੱਖਣ ਸ਼ਾਹ ਨੂੰ ਲੱਗਾ ਕਿ ਇਹ ਤਾਂ ਭੇਟਾ ਮੰਗ ਰਹੇ ਨੇ ਗੁਰੂ ਤਾਂ ਮੰਗਦਾ ਨਹੀਂ। ਉਸ ਨੇ ਅਜੇ ਹੋਰ ਵਿਚਾਰ ਕਰਨ ਦੀ ਸੋਚੀ।[17]

ਦੂਸਰੇ ਦਿਨ ਮੱਖਣ ਸ਼ਾਹ ਧੀਰਮੱਲ ਕੋਲ ਗਿਆ। ਉਸ ਨੇ ਮੱਖਣ ਸ਼ਾਹ ਨੂੰ ਆਉਂਦਿਆਂ ਹੀ ਕੀਮਤੀ ਸਿਰੋਪਾ ਦਿੱਤਾ। ਉਸ ਨੂੰ ਆਸ ਸੀ ਕਿ ਮੱਖਣ ਸ਼ਾਹ ਬਹੁਤ ਕੀਮਤੀ ਭੇਟਾ ਰੱਖੇਗਾ। ਉਹ ਹੋਰ ਸੋਢੀਆਂ ਪਾਸ ਵੀ ਗਿਆ ਪਰ ਉਹ ਦੋ-ਦੋ ਮੋਹਰਾਂ ਹੀ ਰੱਖਦਾ ਗਿਆ। ਮਾਤਾ ਨਾਨਕੀ ਤੇ ਹੋਰ ਸਿੱਖ ਗੁਰੂ ਤੇਗ ਬਹਾਦਰ ਜੀ ਨੂੰ ਸਿੱਖੀ ਦੇ ਬੂਟੇ ਦੀ ਰਾਖੀ ਕਰਨ ਨੂੰ ਕਹਿ ਰਹੇ ਸਨ। ਮੱਖਣ ਸ਼ਾਹ ਵੀ ਕਿਸੇ ਚਮਤਕਾਰ ਦੀ ਉਡੀਕ ਵਿੱਚ ਸੀ। ਜਦ ਸਾਰੇ ਸੋਢੀ ਸ਼ਾਮ ਨੂੰ ਇੱਕ ਜਗ੍ਹਾ ਇਕੱਠੇ ਹੋਏ ਤਾਂ ਉਸ ਨੇ ਪੁੱਛਿਆ ਕਿ ਕੋਈ ਰਹਿ ਤਾਂ ਨਹੀਂ ਗਿਆ ਤਾਂ ਉਸ ਨੂੰ ਦੱਸਿਆ ਗਿਆ ਕਿ ਗੁਰੂ ਤੇਗ ਬਹਾਦਰ ਜੀ ਰਹਿ ਗਏ ਹਨ। ਮੱਖਣ ਸ਼ਾਹ ਉਨ੍ਹਾਂ ਦੇ ਵੱਲ ਚੱਲ ਪਿਆ। ਭੀੜ ਦਾ ਆਉਣਾ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਇੱਕ ਸਿੱਖ ਭੇਜਿਆ ਕਿ ਗੁਰੂਘਰ ਅਦਬ ਨਾਲ ਆਈਦਾ ਹੈ। ਸੁਨੇਹਾ ਮਿਲਣ 'ਤੇ ਉਸ ਨੇ ਆਪਣੇ ਸਾਥੀਆਂ ਨੂੰ ਰੋਕ ਦਿੱਤਾ ਤੇ ਆਪ ਇਕੱਲਾ ਹੀ ਚੱਲ ਪਿਆ। ਜਦ ਉਸ ਨੇ ਗੁਰੂ ਜੀ ਦੇ ਅੱਗੇ ਦੋ ਮੋਹਰਾਂ ਰੱਖੀਆਂ ਤਾਂ ਗੁਰੂ ਜੀ ਨੇ ਉਸ ਨੂੰ ਗੁਰੂਘਰ ਦੀ ਪੂਰੀ ਭੇਟਾ ਰੱਖਣ ਲਈ ਕਿਹਾ। ਕਿਹਾ ਜਾਂਦਾ ਹੈ ਕਿ ਮੱਖਣ ਸ਼ਾਹ ਨੂੰ ਗੁਰੂ ਜੀ ਨੇ ਆਪਣੇ ਕੰਧੇ ਦੀ ਚੋਟ ਦਾ ਨਿਸ਼ਾਨ ਵੀ ਦਿਖਾਇਆ:

ਸੁਨ ਸਿਖ ਡੁਬਦੀ ਨਾਉ ਤੁਮ ਹਮ ਕੰਡੇ ਦੀਨ ਲਗਾਇ।

ਕੰਧੇ ਮੁਹਬਾਨੀ ਲਗੀ ਕਿਉ ਪੁਜਾ ਰਖੋ ਦੁਰਾਇ।[18]

ਮੱਖਣ ਸ਼ਾਹ ਸੁਣਦੇ ਸਾਰ ਭਾਵੁਕ ਹੋ ਗਿਆ ਤੇ ਰੱਥ ਜੋੜ ਕੇ ਕਿਹਾ ਕਿ ਤੁਸੀਂ ਡੁੱਬਦੇ ਨੂੰ ਫਿਰ ਬਚਾ ਲਿਆ ਹੈ। ਰਾਤ ਪੈ ਜਾਣ ਕਾਰਨ ਉਹ ਆਪਣੇ ਟਿਕਾਣੇ ਵਾਪਿਸ ਆ ਗਿਆ। ਰਾਤ ਨੂੰ ਗੁਰੂ ਜੀ ਵਾਸਤੇ ਪੋਸ਼ਾਕ ਤਿਆਰ ਕੀਤੀ। ਅੰਮ੍ਰਿਤ ਵੇਲੇ ਨਵੀਂ ਪੋਸ਼ਾਕ ਤੇ ਭੇਟਾ ਲੈ ਕੇ ਗੁਰੂ ਕੋਲ ਆ ਗਿਆ। ਉਸ ਨੇ ਕਿਹਾ ਕਿ ਗੁਰੂ ਜੀ ਜੇ ਤੁਸੀਂ ਚੁੱਪ ਰਹਿੰਦੇ ਤਾਂ ਸਿੱਖ ਭਟਕ ਜਾਣੇ ਸਨ। ਹੁਣ ਕ੍ਰਿਪਾ ਕੀਤੀ ਜੇ, ਇਹ ਜ਼ਿੰਮੇਵਾਰੀ ਸੰਭਾਲ ਕੇ ਜੀਵਨ ਦਾਨ ਦਿਉ। ਉੱਧਰ ਗੁਰੂ ਤੇਗ ਬਹਾਦਰ ਭੌਰੇ ਤੋਂ ਬਾਹਰ ਆਏ। ਇੱਧਰ ਮੱਖਣ ਸ਼ਾਹ:

ਚੜ੍ਹ ਉਚੇ ਮੰਦਰ ਟੇਕ ਸੁਣਾਇਆ।

ਆਵੋ ਗੁਰ ਸਿੱਖ ਮੈਂ ਸਤਿਗੁਰ ਲਾਧਾ।

ਜਾਕੀ ਮਹਿਮਾ ਅਗਮ ਅਗਾਧਾ।[19]

ਸੂਰਜ ਪ੍ਰਕਾਸ਼ ਦਾ ਲਿਖਾਰੀ ਲਿਖਦਾ ਹੈ ਕਿ ਮੱਖਣ ਸ਼ਾਹ ਜ਼ੋਰ ਲਗਾ ਕੇ ਉੱਚੀ-ਉੱਚੀ ਕਹੀ ਜਾ ਰਿਹਾ ਸੀ:

ਭੁਲੀਏ ਸੰਗਤਿ ਸੁਨਹੁ ਸਕਾਨ।

ਸਤਿਗੁਰ ਲਧਾ ਮਰਦ ਮਹਾਨ।

ਲੱਮੈ ਰਿਦੈ ਕੋ ਤਜਿਕੈ।

ਜਨਮ ਸੁਧਾਰਹੁ ਸ੍ਰੀ ਗੁਰੂ ਭਜਿਕੈ।

ਮੱਖਣ ਸ਼ਾਹ ਦਾ ਹੋਕਾ ਸੁਣ ਕੇ ਸੰਗਤਾਂ ਭੱਜ-ਭੱਜ ਕੇ ਗੁਰੂ ਜੀ ਕੋਲ ਆਉਣ ਲੱਗੀਆਂ। ਕੜਾਹ ਪ੍ਰਸ਼ਾਦ ਕਰਕੇ ਮੱਖਣ ਸ਼ਾਹ ਨੇ ਅਰਦਾਸ ਕੀਤੀ ਤੇ ਦੀਵਾਨ ਵਿਚ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਅਦ ਹਨ ਅਤੇ ਬਾਬਾ ਆਖ ਕੇ ਉਨ੍ਹਾਂ ਨੇ ਇਨ੍ਹਾਂ ਦਾ ਹੀ ਸੱਚਾ ਪਤਾ ਦਿੱਤਾ ਸੀ। ਸੱਚੇ ਗੁਰੂ ਨੂੰ ਛੱਡ ਕੇ ਇੱਧਰ-ਉੱਧਰ ਭਟਕਣ ਦੀ ਹੁਣ ਲੋੜ ਨਹੀਂ।[20] ਸ਼ਹੀਦ ਬਿਲਾਸ ਦੇ ਕਰਤਾ ਅਨੁਸਾਰ ਸਭ ਇਨਫ ਛੁਪ ਗਏ ਜਿਵੇਂ ਸੂਰ ਨਿਕਲਣ ਨਾਲ ਰਾਤ ਅਲੋਪ ਹੋ ਜਾਂਦੀ ਹੈ।

ਤਬ ਮੰਜੀ ਸਭ ਹੀ ਛਿਪ ਗਈ।

ਤੇਜ ਤਰਨ ਤੇ ਜਿਉਂ ਨਿਸ ਗਈ।

ਸੋ ਪਰਗਟੇ ਗੁਰੂ ਤੇਗ ਬਹਾਦਰ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜਨ ਆਪਣੇ ਕੀ ਰਾਖੀ ਚਾਦਰ।

ਧੀਰਮੱਲ ਕੋਲੋਂ ਇਹ ਬਰਦਾਸ਼ਤ ਨਾ ਹੋਇਆ ਕਿ ਗੁਰਗੱਦੀ ਗੁਰੂ ਤੇਗ ਬਹਾਦਰ ਜੀ ਨੂੰ ਮਿਲ ਗਈ ਹੈ। ਉਸ ਨੇ ਆਪਣੇ ਇੱਕ ਮਸੰਦ ਸੀਹੇਂ ਮਸੰਦ ਕੋਲੋਂ ਗੁਰੂ ਜੀ ਦੇ ਉੱਪਰ ਗੋਲੀ ਚਲਵਾਈ ਪਰ ਗੁਰੂ ਜੀ ਨੇ ਗੁੱਸਾ ਨਾ ਕੀਤਾ ਤੇ ਕਿਹਾ:

ਭਲੋ ਧੀਰਮੱਲ ਭਲੋ ਜੀ ਭਲੋ ਧੀਰਮੱਲ ਧੀਰਾਂ।

ਜਦੋਂ ਦੂਜੀ ਵਾਰ ਧੀਰਮੱਲ ਨੇ ਹਮਲਾ ਕੀਤਾ ਅਤੇ ਘਰ ਦਾ ਸਾਰਾ ਸਮਾਨ ਵੀ ਚੁੱਕ ਲਿਆ ਤਾਂ ਮੱਖਣ ਸ਼ਾਹ ਆਪਣੇ ਨੌਕਰਾਂ ਨੂੰ ਨਾਲ ਲੈ ਕੇ ਧੀਰਮੱਲ ਦੇ ਘਰ ਗਿਆ ਅਤੇ ਦੋਨਾਂ ਨੂੰ ਪਕੜ ਲਿਆ। ਸਾਰਾ ਸਮਾਨ ਵੀ ਖੋਹ ਲਿਆ ਅਤੇ ਜਦੋਂ ਇਨ੍ਹਾਂ ਨੂੰ ਗੁਰੂ ਜੀ ਦੇ ਅੱਗੇ ਪੇਸ਼ ਕੀਤਾ ਤਾਂ ਗੁਰੂ ਜੀ ਨੇ ਨਾ ਸਿਰਫ਼ ਇਨ੍ਹਾਂ ਨੂੰ ਮੁਆਫ਼ ਕਰ ਦਿੱਤਾ ਬਲਕਿ ਸਮਾਨ ਵੀ ਜਿਸ ਵਿੱਚ ਆਦਿ ਬੀੜ ਵੀ ਸੀ ਵਾਪਿਸ ਕਰ ਦਿੱਤੀ ਅਤੇ ਸੁਖੀ ਵਸੋ ਦਾ ਅਸ਼ੀਰਵਾਦ ਦਿੱਤਾ। 'ਬਕਾਲਾ' ਹੁਣ ਬਾਬਾ ਬਕਾਲਾ ਬਣ ਗਿਆ। ਲੋਕ ਦੂਰੋਂ-ਦੂਰੋਂ ਇੱਥੇ ਆ ਕੇ ਵਸਣ ਲੱਗੇ। ਗੁਰੂ ਜੀ ਸਭ ਨੂੰ ਅਸ਼ੀਰਵਾਦ ਦਿੰਦੇ। ਗੁਰੂ ਜੀ ਨੂੰ ਮੱਖਣ ਸ਼ਾਹ ਨੇ ਗੁਰੂ ਰੂਪ ਵਿੱਚ ਪ੍ਰਗਟ ਕਰ ਦਿੱਤਾ ਸੀ। ਗੁਰੂ ਜੀ ਨੇ ਹੁਣ ਆਪਣੀ ਸਿੱਖ ਧਰਮ ਦੀ ਜ਼ੁੰਮੇਵਾਰੀ ਨਿਭਾਉਣ ਲਈ ਅੰਮ੍ਰਿਤਸਰ ਵੱਲ ਚੱਲ ਪਏ। ਇਹ ਘਟਨਾ 11 ਅਗਸਤ 1664 ਈ. ਨੂੰ ਘਟੀ। ਪ੍ਰੋ. ਸਾਹਿਬ ਸਿੰਘ ਨੇ ਲਿਖਿਆ ਹੈ ਕਿ ਇਸ ਦਿਨ ਸਾਵਣ ਮਹੀਨੇ ਦੀ ਪੂਰਨਮਾਸੀ ਸੀ। ਇਸੇ ਯਾਦ ਵਿੱਚ ਅੱਜ ਵੀ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਨੂੰ 'ਗੁਰੂ ਲਾਧੋ ਰੇ' ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

**ਹਵਾਲੇ ਅਤੇ ਟਿੱਪਣੀਆਂ:**


1. ਡਾ. ਪਰਮਵੀਰ ਸਿੰਘ, ਗੁਰੂ ਤੇਗ ਬਹਾਦਰ ਜੀ, ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨ ਨਿਰਮਲ ਆਸ਼ਰਮ, ਰਿਸ਼ੀਕੇਸ਼, ਐਸ.ਬੀ.ਐਮ. ਇੰਡਸਟਰੀਜ਼, ਪੰਨਾ 55
2. ਡਾ. ਕਰਮਜੀਤ ਸਿੰਘ, ਤੇਗ ਬਹਾਦਰ ਧਰਮ ਪੁੰਜ, ਜਗਤ ਗੁਰੂ ਨਾਨਕ ਦੇਵ, ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ, ਪੰਨਾ 16
3. ਤਾਰਨ ਸਿੰਘ, ਗੁਰੂ ਤੇਗ ਬਹਾਦਰ, ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 35
4. ਉਹੀ, ਪੰਨਾ 36
5. ਉਹੀ, ਪੰਨਾ 37
6. ਭਾਈ ਸਵਰੂਪ ਸਿੰਘ ਕੋਸ਼ਿਸ਼, ਗੁਰੂ ਕੀਆਂ ਸਾਖੀਆਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ 69
7. ਡਾ. ਕਰਮਜੀਤ ਸਿੰਘ, ਉਹੀ, ਪੰਨਾ 17
8. ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਸੰਪਾਦਕ ਗੁਰਮੁਖ ਸਿੰਘ, ਮਖਨ ਦਾਸ ਬੇਟਾ ਨਾਇਕ ਦਾਸੇ ਸ਼ਾਹ ਕਾ ਪੋਤਾ ਅਰਲੇ ਸ਼ਾਹ ਕਾ ਪੜਪੋਤਾ ਬਨੇ ਸ਼ਾਹ ਦਾ ਬੰਸ਼ ਪਹੋੜੂ ਸ਼ਾਹ ਦੀ ਪੇਲੀਆ ਗੋਤਾ ਬਨਜਾਰਾ, ਪੰਨਾ 249
9. ਉਹੀ
10. ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਸੰਪਾਦਕ ਡਾ. ਗੋਬਿੰਦ ਸਿੰਘ ਲਾਂਬਾ, ਸਾਖੀ ਛੇਵੀਂ, 1776 ਈ., ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 448
11. ਭਾਈ ਸੰਤੋਖ ਸਿੰਘ
12. ਤਿੰਨ ਨਦੀਆਂ- ਜੇਹਲਮ, ਝਨਾ ਤੇ ਰਾਵੀ
13. ਲਬਾਣ ਭਾਸ਼ਾ ਦੀ ਬੋਲੀ ਵਿੱਚ ਬੇੜੇ ਨੂੰ ਜਹਾਜ਼ ਕਿਹਾ ਜਾਂਦਾ ਹੈ।
14. ਤਾਰਨ ਸਿੰਘ, ਉਹੀ, ਪੰਨਾ 54
15. ਮਹਿਮਾ ਪ੍ਰਕਾਸ਼, ਸਾਖੀ-3 ਮਹਲਾ 9ਵਾਂ
16. ਸੂਰਜ ਪ੍ਰਕਾਸ਼
17. ਤਾਰਨ ਸਿੰਘ, ਉਹੀ, ਪੰਨਾ 55
18. ਮਹਿਮਾ ਪ੍ਰਕਾਸ਼
19. ਮਹਿਮਾ ਪ੍ਰਕਾਸ਼, ਸਾਖੀ-3, ਪਾਤਸ਼ਾਹੀ 9ਵੀਂ
20. ਭੁਪਿੰਦਰ ਸਿੰਘ, ਪ੍ਰਗਟ ਭਏ ਗੁਰੂ ਤੇਗ ਬਹਾਦਰ, ਸੰਤ ਸੇਵਾ ਸਿੰਘ, ਜਿਲ੍ਹਾ ਹੁਸ਼ਿਆਰਪੁਰ, ਪੰਨਾ 115



© Copyright @ Authors